BRAMPTON Flower City brampton.ca

Service and Information Update

20 ਮਾਰਚ, 2018

# ਸਿਟੀ ਆਫ ਬ੍ਰੈਂਪਟਨ ਵਿੱਚ ਈਸਟਰ ਵੀਕੈਂਡ

ਬ੍ਰੈਂਪਟਨ ਸਿਟੀ ਹਾਲ (Brampton City Hall) 30 ਮਾਰਚ ਅਤੇ 2 ਅਪ੍ਰੈਲ ਨੂੰ ਗੁੱਡ ਫ੍ਰਾਈਡੇ (Good Friday) ਅਤੇ ਈਸਟਰ ਮੰਡੇ (Easter Monday) ਦੇ ਮੌਕੇ 'ਤੇ ਬੰਦ ਰਹੇਗਾ। ਇਸਦੇ ਨਤੀਜੇ ਵਜੋਂ, ਸਿਟੀ ਦੀਆਂ ਕੁਝ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟੇ ਹੋਏ ਸੇਵਾ ਪੱਧਰਾਂ ਹੇਠ ਕੰਮ ਕਰਨਗੀਆਂ।

ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ 'ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਰਮਿਟਾਂ ਲਈ ਦਰਖਾਸਤ ਨਹੀਂ ਦੇ ਸਕਣਗੇ ਜਾਂ ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ। ਔਨਲਾਈਨ ਵਿਕਲਪਾਂ ਲਈ, ਕਿਰਪਾ ਕਰਕੇ http://www.brampton.ca 'ਤੇ ਜਾਓ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ: ਫਾਇਰ ਅਤੇ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)। ਸਿਟੀ ਆਫ ਬ੍ਰੈਂਪਟਨ ਸੇਵਾ ਵਿੱਚ ਸਾਰੀਆਂ ਤਬਦੀਲੀਆਂ ਅਤੇ ਬੰਦ ਹੋਣ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

**ਟ੍ਰਾਂਜ਼ਿਟ ਸੇਵਾਵਾਂ**

ਈਸਟਰ ਵੀਕੈਂਡ ਲਈ ਬ੍ਰੈਂਪਟਨ ਟ੍ਰਾਂਜ਼ਿਟ ਦੀ ਸਮਾਂ ਸੂਚੀ ਇਸ ਪ੍ਰਕਾਰ ਹੈ:

- 30 ਮਾਰਚ: ਗੁੱਡ ਫ੍ਰਾਈਡੇ – ਐਤਵਾਰ/ਛੁੱਟੀ ਵਾਲੇ ਦਿਨ ਦੀ ਸੇਵਾ
- 31 ਮਾਰਚ: ਸ਼ਨੀਵਾਰ – ਸ਼ਨੀਵਾਰ ਵਾਲੀ ਨਿਯਮਿਤ ਸੇਵਾ
- 1 ਅਪ੍ਰੈਲ: ਈਸਟਰ ਸੰਡੇ – ਐਤਵਾਰ ਵਾਲੀ ਨਿਯਮਿਤ ਸੇਵਾ
- 2 ਅਪ੍ਰੈਲ: ਈਸਟਰ ਮੰਡੇ – ਕਾਰਜਦਿਨ ਵਾਲੀ ਨਿਯਮਿਤ ਸੇਵਾ (ਸਕੂਲ ਦੇ ਰੂਟ ਨਹੀਂ ਚੱਲਣਗੇ)

ਟ੍ਰਾਂਜ਼ਿਟ ਸਟੋਰ ਗੁੱਡ ਫ੍ਰਾਈਡੇ ਅਤੇ ਈਸਟਰ ਸੰਡੇ ਨੂੰ ਬੰਦ ਰਹਿਣਗੇ।

ਰੂਟਾਂ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 'ਤੇ ਕਾਲ ਕਰੋ ਜਾਂ www.bramptontransit.com 'ਤੇ ਜਾਓ ਅਤੇ ਅਗਲੀ ਬੱਸ ਬਾਰੇ ਜਾਣਕਾਰੀ ਲਈ ਨੈਕਸਟ ਰਾਈਡ (Next Ride) ਦੀ ਵਰਤੋਂ ਕਰੋ। ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ ਜਾਂ nextride.brampton.ca 'ਤੇ ਅਗਲੀ ਬੱਸ ਬਾਰੇ ਜਾਣਕਾਰੀ ਦੇਖੋ।

**ਰੇਕ੍ਰੀਏਸ਼ਨ**

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ (ਕੇਂਦਰ) ਈਸਟਰ ਵੀਕੈਂਡ ਨੂੰ ਖੁੱਲ੍ਹਦੇ ਹਨ। ਕਿਰਪਾ ਕਰਕੇ ਕਾਰਜਕਰਮ ਦੀਆਂ ਸਮਾਂ ਸੂਚੀਆਂ ਦੀ ਪੁਸ਼ਟੀ ਕਰਨ ਲਈ ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਵਿਖੇ ਫੋਨ ਕਰੋ, 311 'ਤੇ ਕਾਲ ਕਰੋ ਜਾਂ www.brampton.ca 'ਤੇ ਜਾਓ।

ਸਿਟੀ ਦਾ ਰੇਕ੍ਰੀਏਸ਼ਨ ਐਡਮਿਨਿਸਟ੍ਰੇਸ਼ਨ ਆਫਿਸ (Recreation Administration Office) ਗੁੱਡ ਫ੍ਰਾਈਡੇ ਅਤੇ ਈਸਟਰ ਮੰਡੇ ਨੂੰ ਬੰਦ ਰਹੇਗਾ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਵਿੱਚ ਸਾਰੀਆਂ ਲਾਇਬ੍ਰੇਰੀ ਬ੍ਰਾਂਚਾਂ (ਸਿਵਿਕ ਸੈਂਟਰ (Civic Centre) ਵਿੱਚ ਚਿੰਗਕੂਜ਼ੀ (Chinguacousy), ਸਿਰਿਲ ਕਲਾਰਕ (Cyril Clark), ਫੋਰ ਕੋਰਨਰਸ ਬ੍ਰਾਂਚ (Four Corners), ਗੋਰ ਮੈਡੋਜ਼ (Gore Meadows), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village), ਸਪ੍ਰਿੰਗਡੇਲ

(Springdale) ਅਤੇ ਸਾਊਥ ਫਲੈਚਰਸ (South Fletcher's)) ਗੁੱਡ ਫ੍ਰਾਈਡੇ (Good Friday) ਅਤੇ ਈਸਟਰ ਸੰਡੇ (Easter Sunday) ਨੂੰ ਬੰਦ ਰਹਿਣਗੀਆਂ:

ਹੋਰ ਜਾਣਕਾਰੀ ਲਈ, (905) 793-4636 ਜਾਂ 311 'ਤੇ ਕਾਲ ਕਰੋ, ਜਾਂ www.bramptonlibrary.com 'ਤੇ ਜਾਓ।

-30-

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca